# ਪਰਿਕਲਪਨਾ(HYPOTHESIS )



Hypothesis ਸ਼ਬਦ ਅੰਗਰੇਜ਼ੀ ਭਾਸ਼ਾ ਦੇ ਦੋ ਸ਼ਬਦਾਂ hypo ਅਤੇ Thesis ਦੇ ਮੇਲ ਤੋਂ ਬਣਿਆ ਹੈ ਜਿਸਦਾ ਅਰਥ ਹੈ ਕਲਪਨਾ ਅਤੇ Thesis ਸ਼ਬਦ ਦਾ ਭਾਵ ਤਰਕਵਾਦ ਹੈ। ਇਸ ਤਰ੍ਹਾਂ ਇਸ ਸ਼ਬਦ ਦਾ ਭਾਵ ਕਾਲਪਨਿਕ ਤਰਕਵਾਦ ਹੈ। ਇਸ ਤਰ੍ਹਾਂ ਪਰਿਕਲਪਨਾ ਆਪਣੀ ਸ਼ਾਬਦਿਕ ਅਰਥਾਂ ਵਿੱਚ ਖੋਜ ਵਿਗਿਆਨੀ ਦੁਆਰਾ ਆਪਣੇ ਗਿਆਨ ਅਨੁਭਵ ਅਤੇ ਸੂਚਨਾ ਦੇ ਆਧਾਰ ਉੱਤੇ ਆਪਣੇ ਖੋਜ ਵਿਸ਼ੇ ਜਾਂ ਸਮੱਸਿਆ ਸਬੰਧੀ ਸਿਰਜਿਆ ਗਿਆ ਕਾਲਪਨਿਕ ਤਰਕਵਾਦ ਹੈ ।

## ਪਰਿਕਲਪਨਾ ਦੀਆਂ ਪਰਿਭਾਸ਼ਾਵਾਂ ਪਰਿਭਾਸ਼ਾਵਾਂ

ਗੁੱਡੇ ਅਤੇ ਹਾਟ , ਅਨੁਸਾਰ ਪਰਿਕਲਪਨਾ ਇਕ ਅਜਿਹੀ ਤਜਵੀਜ਼ ਹੈ ਜਿਸ ਦੀ ਪਰਖ ਉਸ ਦੀ ਪ੍ਰਮਾਣਿਕਤਾਨਿਸ਼ਚਿਤ ਕਰਨ ਲਈ ਕੀਤੀ ਜਾ ਸਕਦੀ ਹੈ

1. ਲੁੰ ਵਰਗ ਦੇ ਅਨੁਸਾਰ ਪਰਿਕਲਪਨਾ ਸਮੱਸਿਆ ਸਬੰਧੀ ਅਜ਼ਮਾਇਸ਼ ਕੀ ਕਰਨੀ ਹੈ ਜਿਸ ਦੀ ਪੱਰਮਾਣਿਕਤਾ ਸਬੰਧੀ ਅਜੇ ਪਰਖ ਕੀਤੀ ਜਾਣੀ ਹੈ ਸਭ ਤੋਂ ਮੁੱਢਲੇ ਚਰਣ ਵਿਚ ਪਰਮਾਣਿਕਤਾ ਮਾਤਰ ਇੱਕ ਅਨੁਮਾਨ ਜਾਂ ਕਲਪਨਾ ਹੋ ਸਕਦੀ ਹੈ ਜੋ ਕਿ ਬਾਅਦ ਵਿੱਚ ਕਿਰਿਆ ਜਾਂ ਖੋਜ ਦਾ ਆਧਾਰ ਬਣਦੀ ਹੈ

# ਪਰਿਕਲਪਨਾ ਦੇ ਸੋਮੇ(sources of hypothesis)

1. ਵਿਅਕਤੀਗਤ ਅਨੁਭਵ :- ਗੁੱਡੇ ਅਤੇ ਹਾਰਟ ਦੇ ਅਨੁਸਾਰ ਅਕਸਰ ਵਿਅਕਤੀ ਦਾ ਨਿੱਜੀ ਅਨੁਭਵ ਕਲਪਨਾ ਦਾ ਆਧਾਰ ਬਣਦਾ ਹੈ ਜਦੋਂ ਕੋਈ ਵੀ ਵਿਅਕਤੀ ਆਪਣੇ ਵਿਸ਼ੇਸ਼ ਸੁਧਾਰਨ ਨਜ਼ਰ ਆਉਣ ਵਾਲੇ ਤੱਤਾ ਦਾ ਵੀ ਵਿਸ਼ਲੇਸ਼ਣ ਕਰਦਾ ਹੈ ਤਾਂ ਉਹ ਇੱਕ ਨਵੀਂ ਕਲਪਨਾ ਦਾ ਨਿਰਮਾਣ ਕਰ ਲੈਂਦਾ ਹੈ ਉਦਾਹਰਨ ਲਈ, ਇਸ ਇਤਿਹਾਸਕ ਘਟਨਾ ਤੋਂ ਅਸੀਂ ਸਭ ਜਾਣੂੰ ਹਾਂ ਕਿ ਨਿਊਟਨ ਇੱਕ ਦਰਖਤ ਥੱਲੇ ਬੈਠਾ ਸੀ ਅਤੇ ਉਸ ਤੋਂ ਇਕ ਫਲ ਟੁੱਟ ਕੇ ਅਤੇ ਹੇਠਾਂ ਡਿੱਗਦਾ ਹੈ ਇਸ ਦੇ ਅਧਾਰ ਤੇ ਨਿਊਟਨ ਇਹ ਨਤੀਜਾ ਕੱਢਦਾ ਹੈ ਕਿ ਧਰਤੀ ਵਿੱਚ ਜ਼ਰੂਰ ਹੀ ਕੋਈ ਸ਼ਕਤੀ ਹੈ ਜੋ ਵਸਤੂ ਨੂੰ ਆਪਣੇ ਵੱਲ ਖਿੱਚਦੀ ਹੈ।

2. ਸਾਧਾਰਨ ਸੱਭਿਆਚਾਰ :- ਸਾਧਾਰਨ ਸਭਿਆਚਾਰ ਦਾ ਸਰੂਪ ਅਕਸਰ ਪਰਿਕਲਪਨਾ ਦੇ ਨਿਰਮਾਣ ਵਿੱਚ ਕਾਫੀ ਹੱਦ ਤੱਕ ਸਹਾਈ ਹੁੰਦਾ ਹੈ ਕਿਸੇ ਵੀ ਖੇਤਰ ਜਾਂ ਵਰਗ ਦੇ ਸੱਭਿਆਚਾਰ ਦਾ ਉਥੋਂ ਦੇ ਲੋਕਾਂ ਦੀ ਵਿਚਾਰਧਾਰਾ ਅਤੇ ਦ੍ਰਿਸ਼ਟੀਕੋਣ ਉੱਤੇ ਬਹੁਤ ਡੂੰਘਾ ਪ੍ਰਭਾਵ ਪੈਂਦਾ ਹੈ।

- ਲੋਕਾਂ ਦੁਆਰਾ ਜੋ ਵੀ ਪਰਿਕਲਪਨਾਵਾਂ ਬਣਾਈਆਂ ਜਾਂਦੀਆਂ ਹਨ ਉਹ ਕਾਫੀ ਹੱਦ ਤੱਕ ਸਧਾਰਨ  ਸੱਭਿਆਚਾਰ ਤੋਂ ਪ੍ਰਭਾਵਿਤ ਹੁੰਦੀਆਂ ਹਨ। ਉਦਾਹਰਨ  ਲਈ ਭਾਰਤ ਵਿਚ ਹਿੰਦੂ ਸਭਿਆਚਾਰ ਦਾ ਮੂਲ ਅਧਾਰ ਹੈ ਇਹੀ ਕਾਰਨ ਹੈ ਕਿ ਭਾਰਤੀ ਲੋਕਾਂ ਦੀ ਸੋਚ ਅਤੇ ਦ੍ਰਿਸਟੀਕੋਣ ਨਾ ਕਿਸੇ ਰੂਪ ਵਿਚ ਅਧਿਆਤਮਕ ਮੁੱਲਾਂ ਤੋਂ  ਜ਼ਰੂਰ ਹੀ ਪ੍ਰਭਾਵਿਤ ਰਹਿੰਦੀ ਹੈ । ਗੁੱਡੇ ਅਤੇ ਹਾਰਟ ਦੇ ਸ਼ਬਦਾਂ ਵਿਚ ਸਧਾਰਨ ਸਭਿਆਚਾਰ ਵਿੱਚ  ਵਿਗਿਆਨ ਵਿਕਸਿਤ ਹੁੰਦਾ ਹੈ,ਵਿਗਿਆਨ ਦੀਆਂ ਅਨੇਕ ਮੌਲਿਕ ਪਰਿਕਲਪਨਾਵਾਂ ਨੂੰ ਆਧਾਰ ਪ੍ਰਦਾਨ ਕਰਦਾ  ਹੈ ।

3.ਵਿਗਿਆਨਕ ਸਿਧਾਂਤ :- ਗੁੱਡੇ ਅਤੇ ਹਾਟ ਅਨੁਸਾਰ, ਪਰਿਕਲਪਨਾਵਾਂ ਦਾ ਜਨਮ ਖੁਦ ਵਿਗਿਆਨ ਵਿੱਚੋਂ ਹੁੰਦਾ ਹੈ, ਵਿਗਿਆਨਕ ਸਿਧਾਂਤ ਭਵਿੱਖ ਦੀਆਂ ਪਰਿਕਲਪਨਾਵਾਂ ਨੂੰ ਜਨਮ ਦਿੰਦੇ ਹਨ ਸਿਧਾਂਤਾਂ ਦੇ ਗਿਆਨ ਦੇ ਅਧਾਰ ਉੱਤੇ ਸਧਾਰਨੀਕਰਨ ਕੀਤਾ ਜਾਂਦਾ ਹੈ ਜੋ ਕਿ ਕਿਸੇ ਪਰਿਕਲਪਨਾ ਦੇ ਨਿਰਮਾਣ ਦਾ ਆਧਾਰ ਬਣਦੇ ਹਨ ਆਤਮ ਹੱਤਿਆ ਦੇ ਕਾਰਨਾਂ ਅਤੇ ਪ੍ਰਭਾਵਾਂ ਦਾ ਵਿਸ਼ਲੇਸ਼ਣ ਕਰਨ ਮਗਰੋਂ ਉਸ ਨਾਲ ਸੰਬੰਧਿਤ ਜਿਨ੍ਹਾਂ ਨਿਯਮਾਂ ਦਾ ਨਿਰਮਾਣ ਕੀਤਾ ਜਾਵੇਗਾ ਸਮੂਹਿਕ ਰੂਪ ਵਿੱਚ ਆਤਮ-ਹੱਤਿਆ ਕਿਹਾ ਦਾ ਸਿਧਾਂਤ ਕਿਹਾ ਜਾ ਸਕਦਾ ਹੈ ਇਸ ਸਿਧਾਂਤ ਦਾ ਅਧਿਐਨ ਕਰਕੇ ਉਸ ਦਾ ਸਬੰਧ ਕਿਸੇ ਹੋਰ ਸਮਾਜਿਕ ਘਟਨਾ ਨਾਲ ਜੋੜਨ ਦੀ ਕੋਸ਼ਿਸ਼ ਕਰ ਸਕਦਾ ਹੈ। ਜਿਵੇਂ ਕਿ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਸਕਦਾ ਹੈ ਕਿ ਆਤਮ-ਹੱਤਿਆ ਦੇ ਸਿਧਾਂਤ ਦਾ ਮਨੋਵਿਗਿਆਨਕ ਸਿਧਾਂਤ ਨਾਲ ਕੀ ਸਬੰਧ ਹੈ। ਇਸ ਤਰ੍ਹਾਂ ਸਿਧਾਂਤ ਦੇ ਵੱਖ-ਵੱਖ ਪਹਿਲੂਆਂ ਦੇ ਵਿਵੇਚਨ ਅਤੇ ਹੋਰ ਸਿਧਾਂਤਾਂ ਨਾਲ ਉਸ ਦੇ ਸਬੰਧਾਂ ਦੀ ਸੰਭਾਵਨਾ ਨੂੰ ਜਨਮ ਦਿੰਦੀ ਹੈ।

- 4. **ਸਦ੍ਰਿਸ਼ਤਾ** :- ਗੁੱਡੇ ਅਤੇ ਹਾਟ, ਅਨੁਸਾਰ ਸਦ੍ਰਿਸ਼ਤਾ ਵੀ ਉਪਯੋਗੀ ਪਰਿਕਲਪਨਾਵਾ ਦੇ ਨਿਰਮਾਣ ਕਰਨ ਦਾ ਮਹੱਤਵਪੂਰਨ ਸੋਮਾ ਹੁੰਦੀਆਂ ਹਨ ਕਈ ਵਾਰ ਦੋ ਵੱਖ ਵੱਖ ਇਕਾਈਆਂ ਵਿੱਚ ਸਮਾਨਤਾ ਦੇ ਅਧਾਰ ਉੱਤੇ ਪਰੀਕਲਪਨਾ ਦਾ ਨਿਰਮਾਣ ਕੀਤਾ ਜਾਂਦਾ ਹੈ। ਇਸ ਖੇਤਰ ਵਿੱਚ ਦੋ ਗੱਲਾਂ ਦੇਖਦੇ ਹਾਂ ਸਾਧਾਰਨ ਰੂਪ ਵਿੱਚ ਉਸ ਨੂੰ ਹੀ ਲਾਗੂ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਉਦਾਹਰਨ ਵਜੋਂ, ਜੀਵ ਵਿਗਿਆਨ ਦੇ ਵਿਕਾਸ ਦੇ ਸਿਧਾਂਤ ਦੇ ਆਧਾਰ ਕਲਪਨਾ ਕੀਤੀ ਗਈ ਜਿਸ ਤਰ੍ਹਾਂ ਜੀਭ ਦਾ ਵਿਕਾਸ ਹੋਇਆ ਹੈ ਉਸੇ ਤਰ੍ਹਾਂ ਸਮਾਜ ਵੀ ਵਿਕਸਿਤ ਹੋਇਆ ਅਤੇ ਇਸ ਪਰਿਕਲਪਨਾ ਦੇ ਅਧਾਰ ਉੱਤੇ ਸਮਾਜ ਸ਼ਾਸਤਰ ਵਿੱਚ ਸਮਾਜਿਕ ਵਿਕਾਸ ਦੇ ਸਿਧਾਂਤ ਦਾ ਜਨਮ ਹੋਇਆ।